Australian Government
Aged Care Quality and Safety Commission

Engage
*Empower*
**Safeguard**

# ਤੁਹਾਡੇ ਕੋਲ ਗੁਣਵੱਤਾ ਭਰਪੂਰ ਅਤੇ ਸੁਰੱਖਿਅਤ ਬਜ਼ੁਰਗਾਂ ਦੀ ਦੇਖਭਾਲ ਦਾ ਅਧਿਕਾਰ ਹੈ



## ਬਜ਼ੁਰਗਾਂ ਦੀ ਦੇਖਭਾਲ ਦਾ ਨਵਾਂ ਕਾਨੂੰਨ, ਬਜ਼ੁਰਗਾਂ ਦੇ ਅਧਿਕਾਰਾਂ ਨੂੰ ਪਹਿਲ ਦਿੰਦਾ ਹੈ। ਇਸ ਵਿੱਚ ਬਜ਼ੁਰਗਾਂ ਲਈ ਅਧਿਕਾਰਾਂ ਦਾ ਬਿਆਨ ਸ਼ਾਮਲ ਹੈ। ਇਹ ਤਬਦੀਲੀਆਂ 1 ਨਵੰਬਰ 2025 ਤੋਂ ਸ਼ੁਰੂ ਹੋ ਗਈਆਂ ਹਨ।

ਅਧਿਕਾਰਾਂ ਦਾ ਬਿਆਨ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਤੁਸੀਂ ਆਪਣੀ ਬਜ਼ੁਰਗਾਂ ਦੀ ਦੇਖਭਾਲ ਦੇ ਕੇਂਦਰ ਬਿੰਦੂ ਹੋ। ਇਸ ਵਿੱਚ ਤੁਹਾਡੇ ਸਭਿਆਚਾਰ ਅਤੇ ਪਛਾਣ ਦਾ ਸਤਿਕਾਰ ਕਰਨ, ਅਤੇ ਆਪਣੇ ਭਾਈਚਾਰੇ ਨਾਲ ਜੁੜੇ ਰਹਿਣ ਦਾ ਅਧਿਕਾਰ ਸ਼ਾਮਲ ਹੈ।

ਤੁਹਾਡੇ ਕੋਲ ਸੁਰੱਖਿਅਤ ਅਤੇ ਆਦਰਯੋਗ ਮਹਿਸੂਸ ਕੀਤੇ ਜਾਣ ਦਾ ਅਧਿਕਾਰ ਹੈ, ਅਤੇ ਤੁਹਾਡੀ ਦੇਖਭਾਲ ਕਰਨ ਵਾਲੇ ਲੋਕਾਂ ਦੁਆਰਾ ਤੁਹਾਡੇ ਨਾਲ ਇੱਜ਼ਤ ਅਤੇ ਆਦਰ ਨਾਲ ਵਿਵਹਾਰ ਕੀਤੇ ਜਾਣਾ।

ਇਸ ਵਿੱਚ ਫ਼ੰਡ ਕੀਤੀਆਂ ਗਈਆਂ ਬਜ਼ੁਰਗਾਂ ਦੀਆਂ ਦੇਖਭਾਲ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਦਾ ਅਧਿਕਾਰ ਸ਼ਾਮਲ ਹੈ ਜੋ:

- ਤੁਹਾਡੀ ਪਛਾਣ, ਸਭਿਆਚਾਰ ਅਤੇ ਪਿਛੋਕੜ ਦੀ ਕਦਰ ਅਤੇ ਸਹਾਇਤਾ ਕਰਦੀਆਂ ਹਨ
- ਤੁਹਾਡੇ ਤਜ਼ਰਬੇ ਦਾ ਆਦਰ ਕਰਦੀਆਂ ਹਨ, ਜਿਸ ਵਿੱਚ ਕੋਈ ਸਦਮਾ ਵੀ ਸ਼ਾਮਲ ਹੈ
- ਪਹੁੰਚਯੋਗ ਹਨ ਅਤੇ ਤੁਹਾਡੀਆਂ ਲੋੜਾਂ ਦੀ ਪੂਰਤੀ ਕਰਦੀਆਂ ਹਨ
- ਹਿੰਸਾ, ਦੁਰਵਿਵਹਾਰ ਅਤੇ ਅਣਗਹਿਲੀ ਤੋਂ ਮੁਕਤ ਹਨ।

ਸਾਡੀ ਵੈੱਬਸਾਈਟ 'ਤੇ ਅਧਿਕਾਰਾਂ ਦੇ ਬਿਆਨ ਬਾਰੇ **ਹੋਰ ਜਾਣੋ**

## ਇਹ ਕਿਵੇਂ ਯਕੀਨੀ ਬਣਾਉਣਾ ਹੈ ਕਿ ਤੁਹਾਡੇ ਅਧਿਕਾਰਾਂ ਨੂੰ ਬਰਕਰਾਰ ਰੱਖਿਆ ਗਿਆ ਹੈ

ਤੁਹਾਡੇ ਪ੍ਰਦਾਤੇ ਨੂੰ ਅਧਿਕਾਰਾਂ ਦੇ ਬਿਆਨ ਨੂੰ ਸਮਝਣਾ ਚਾਹੀਦਾ ਹੈ ਅਤੇ ਇਸ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਉਹ ਨਹੀਂ ਕਰਦੇ, ਤਾਂ ਤੁਸੀਂ ਉਨ੍ਹਾਂ ਨਾਲ ਆਪਣੀ ਚਿੰਤਾ ਜਾਂ ਸ਼ਿਕਾਇਤ ਦਰਜ ਕਰ ਸਕਦੇ ਹੋ। ਇਹ ਅਕਸਰ ਚੀਜ਼ਾਂ ਨੂੰ ਹੱਲ ਕਰਨ ਦਾ ਸਭ ਤੋਂ ਸੌਖਾ ਅਤੇ ਤੇਜ਼ ਤਰੀਕਾ ਹੁੰਦਾ ਹੈ।

ਤੁਸੀਂ ਆਪਣੀ ਚਿੰਤਾ ਦੱਸ ਸਕਦੇ ਹੋ ਜਾਂ ਸ਼ਿਕਾਇਤਾਂ ਦੇ ਕਮਿਸ਼ਨਰ ਕੋਲ ਸ਼ਿਕਾਇਤ ਕਰ ਸਕਦੇ ਹੋ:

**1800 951 822** ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ।

ਤੁਹਾਡੇ ਰਾਜਧਾਨੀ ਸ਼ਹਿਰ ਵਿੱਚ Aged Care Quality and Safety Commission, GPO Box 9819

ਔਨਲਾਈਨ www.agedcarequality.gov.au 'ਤੇ

info@agedcarequality.gov.au

ਜੇ ਤੁਹਾਨੂੰ ਦੁਭਾਸ਼ੀਏ ਦੀ ਜ਼ਰੂਰਤ ਹੈ, ਤਾਂ ਸਾਨੂੰ **1800 951 822** 'ਤੇ ਫ਼ੋਨ ਕਰੋ ਅਤੇ ਸਾਨੂੰ ਇਸ ਦਾ ਪ੍ਰਬੰਧ ਕਰਨ ਲਈ ਆਖੋ। ਤੁਸੀਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) – **131 450** ਨੂੰ ਵੀ ਫ਼ੋਨ ਕਰ ਸਕਦੇ ਹੋ, ਅਤੇ ਉਨ੍ਹਾਂ ਨੂੰ ਤੁਹਾਡੇ ਲਈ ਸਾਨੂੰ ਫ਼ੋਨ ਕਰਨ ਲਈ ਆਖ ਸਕਦੇ ਹੋ।

ਜੇ ਤੁਹਾਨੂੰ ਸ਼ਿਕਾਇਤ ਕਰਨ ਜਾਂ ਜਾਣਕਾਰੀ ਲੱਭਣ ਵਿੱਚ ਮਦਦ ਦੀ ਲੋੜ ਹੈ, ਤਾਂ ਮੁਫ਼ਤ, ਸੁਤੰਤਰ ਅਤੇ ਗੁਪਤ ਸਹਾਇਤਾ ਲਈ ਓਲਡਰ ਪਰਸਨਜ਼ ਐਡਵੋਕੇਸੀ ਨੈਟਵਰਕ (OPAN) ਨਾਲ ਸੰਪਰਕ ਕਰੋ। ਏਜਡ ਕੇਅਰ ਐਡਵੋਕੇਸੀ ਲਾਈਨ ਨੂੰ **1800 700 600** 'ਤੇ ਫ਼ੋਨ ਕਰੋ।